# ਆਰਕੈਸਟਰਾ ਵਾਲੀ ਦੀ ਨਹੀਂ, ਸਾਡੀ ਜ਼ਮੀਰ ਦੀ ਮੌਤ ਹੋਈ ਹੈ....

ਪਿਛਲੇ ਦਿਨੀਂ ਮੌੜ ਮੰਡੀ ਵਿਖੇ ਅਸ਼ੀਰਵਾਦ ਰਿਜੋਰਟ ਵਿਚ ਵਿਆਹ ਦੌਰਾਨ ਚੱਲੀ ਗੋਲੀ 'ਚ ਆਰਕੈਸਟਰਾ ਕੁਲਵਿੰਦਰ ਕੌਰ ਦੀ ਗੋਲੀ ਲੱਗਣ ਕਾਰਨ ਹੋਈ ਹੱਤਿਆ ਬਾਰੇ ਤੁਸੀਂ ਸੁਣਿਆ ਹੀ ਹੋਵੇਗਾ। ਇਸ ਸਬੰਧੀ ਸਭ ਤੋਂ ਪਹਿਲਾਂ ਤਾਂ ਇਹ ਕਿੰਨੀ ਸ਼ਰਮ ਵਾਲੀ ਗੱਲ ਹੈ ਕਿ ਕੁਲਵਿੰਦਰ ਕੌਰ ਗਰਭਵਤੀ ਹੋਣ ਦੇ ਬਾਵਜੂਦ ਸਟੇਜ਼ ਤੇ ਡਾਂਸ ਕਰ ਰਹੀ ਸੀ। ਆਪਣੇ ਪਿਛੋਕੜ 'ਤੇ ਝਾਤੀ ਮਾਰੀਏ ਅਜੇ ਕੁੱਝ ਸਾਲ ਪਹਿਲਾਂ ਦੀ ਹੀ ਗੱਲ ਹੈ ਕਿ ਸਾਡੇ ਪਿੰਡ, ਸਾਡੇ ਮੁਹੱਲੇ ਵਿੱਚ ਕੋਈ ਗਰਭਵਤੀ ਔਰਤ ਦਿਸਦੀ ਸੀ ਤਾਂ ਸਾਡੇ ਘਰ ਦੇ ਅਤੇ ਆਂਢ-ਗੁਆਂਢ ਦੇ ਲੋਕ ਉਸ ਨੂੰ ਉਚੀ-ਨੀਂਵੀ ਥਾਂ 'ਤੇ ਵੀ ਨਹੀਂ ਸੀ ਚੱਲਣ ਦਿੰਦੇ। ਸਾਰੇ ਉਸ ਔਰਤ ਨੂੰ ਸਤਿਕਾਰ ਦੀ ਨਿਗਾ ਨਾਲ ਵੇਖਦੇ ਸਨ ਅਤੇ ਉਸ ਦੀ ਹਰ ਸੁਖ ਸਹੂਲਤ ਦਾ ਖਿਆਲ ਕਰਦੇ ਸਨ।

ਇਥੋਂ ਤੱਕ ਕਿ ਜੇਕਰ ਸਾਡੇ ਨੇੜ-ਤੇੜ ਕਿਤੇ ਕੋਈ ਕੁੱਤੀ ਸੂਣ ਵਾਲੀ ਹੁੰਦੀ ਸੀ ਤਾਂ ਸਾਡੀਆਂ ਔਰਤਾਂ ਉਸ ਨੂੰ ਰੋਟੀ ਪਾਉਣਾ ਨਹੀਂ ਸੀ ਭੁਲਦੀਆਂ ਅਤੇ ਅੱਜ ਅਸੀਂ ਏਨੇ ਨਿਰਦਈ ਹੋ ਗਏ ਕਿ ਇੱਕ ਔਰਤ ਨੂੰ ਆਪਣਾ ਘਰ-ਬਾਰ ਚਲਾਉਣ ਲਈਂ ਗਰਭਵਤੀ ਹੁੰਦੇ ਹੋਏ ਵੀ ਸਟੇਜ਼ਾਂ ਤੇ ਡਾਂਸ ਕਰਨਾ ਪੈ ਰਿਹਾ ਹੈ ਅਤੇ ਉਸ ਦੀ ਸਹਾਇਤਾ ਕਰਨ ਦੀ ਬਜਾਏ ਭੀੜ ਖੜ੍ਹੀ ਇਹ ਤਮਾਸ਼ਾ ਵੇਖ ਰਹੀ ਹੈ ਕਿ ਕੋਈ ਮੁਸਟੰਡਾ ਗਰਭਵਤੀ ਔਰਤ ਨੂੰ ਨਾਲ ਨਚਾਉਣ ਲਈ ਉਸ ਤੇ ਗੋਲੀਆਂ ਚਲਾ ਰਿਹਾ ਹੈ। ਇਸ ਗੋਲੀ ਨਾਲ ਇੱਕ ਆਰਕੈਸਟਰਾ ਵਾਲੀ ਦੀ ਨਹੀਂ, ਸਾਡੀ ਜ਼ਮੀਰ ਦੀ ਮੌਤ ਹੋਈ ਹੈ।

ਪਹਿਲੀ ਸ਼ਰਮ ਆਉਣੀ ਚਾਹੀਦੀ ਹੈ ਉਸ ਦਾ ਪਤੀ ਤੇ ਭਰਾ ਕਹਾਉਣ ਵਾਲੇ ਮਰਦਾ ਨੂੰ। ਜਾਂ ਤਾਂ ਉਹਨਾਂ ਦੀ ਜ਼ਮੀਰ ਮਰ ਚੁੱਕੀ ਹੈ ਜਾਂ ਉਹ ਏਨੇ ਨਸ਼ਈ ਹੋ ਗਏ ਹਨ ਕਿ ਉਨ੍ਹਾਂ ਨੂੰ ਆਪਣੇ ਘਰ-ਬਾਰ ਚਲਾਉਣ ਲਈ ਆਪਣੀਆਂ ਗਰਭਵਤੀ ਜ਼ਨਾਨੀਆਂ ਤੋਂ ਡਾਂਸ ਕਰਵਾਉਣਾ ਪੈ ਰਿਹਾ ਹੈ। ਦੂਸਰੀ ਨੱਕ ਡਬੋ ਕੇ ਮਰ ਜਾਣਾ ਚਾਹੀਦਾ ਹੈ ਅਜਿਹੇ ਦੱਲਿਆ ਨੂੰ ਜਿਹੜੇ ਪੈਸੇ ਵਾਸਤੇ, ਆਪਣੇ ਸਵਾਰਥ ਲਈ ਗਰਭਵਤੀ ਔਰਤ ਨੂੰ ਡਾਂਸ ਕਰਵਾਉਂਦੇ ਹਨ। ਪਿਛਲੇ ਜ਼ਮਾਨੇ ਵਿੱਚ ਤਵਾਇਫ ਜਾ ਕੋਠੇ ਤੇ ਨੱਚਣ ਵਾਲੀਆਂ ਜ਼ਨਾਨੀਆਂ ਨੂੰ ਸਿਰਫ ਭੋਗ-ਵਿਲਾਸ ਦਾ ਸਾਧਣ ਸਮਝਿਆ ਜਾਂਦਾ ਸੀ। ਅੱਜ ਆਰਕੈਸਟਰਾ ਵਾਲੀਆਂ ਦੀ ਵੀ ਉਹੀ ਪਹਿਚਾਨ ਬਣ ਚੁੱਕੀ ਹੈ। ਕਦੇ ਕਿਸੇ ਨੇ ਸੋਚਿਆ ਕਿ ਉਨ੍ਹਾਂ ਵਿਚਾਰੀਆਂ ਦੀ ਕੀ ਮਜਬੂਰੀ ਹੋਵੇਗੀ ਜਿਹੜਾ ਉਹ ਇਨ੍ਹਾਂ ਸ਼ਰਮ ਭਰਿਆ ਕੰਮ ਕਰ ਰਹੀਆਂ ਹਨ।

ਸਟੇਜ਼ਾਂ ਤੇ ਡਾਂਸ ਕਰਦੀਆਂ ਕੁੜੀਆਂ ਨੂੰ ਲਲਚਾਈਆ ਨਜ਼ਰਾਂ ਨਾਲ ਵੇਖਣ ਵਾਲਿਓ! ਜਰਾ ਸੋਚੋ, ਉਹ ਵਿਚਾਰੀਆਂ ਆਪਣਾ ਦੀਨ ਇਮਾਨ ਗਵਾ ਕੇ ਤੁਹਾਡੀਆਂ ਖੁਸ਼ੀਆਂ ਨੂੰ ਚਾਰ ਚੰਨ ਲਗਾਉਣ ਆਈਆਂ ਹਨ। ਖੁਸ਼ੀ ਦੇ ਮੌਕੇ ਸਾਡੀਆਂ ਘਰ ਦੀਆਂ ਜ਼ਨਾਨੀਆਂ, ਸਾਡੀਆਂ ਭੈਣਾਂ ਵੀ ਸਾਡੇ ਨਾਲ ਡਾਂਸ ਕਰਦੀਆ ਹਨ, ਸਾਡੇ ਨਾਲ ਨੱਚਦੀਆਂ ਟੱਪਦੀਆਂ ਹਨ ਉਨ੍ਹਾਂ ਨੂੰ ਵੇਖ ਕੇ ਮਨ ਵਿੱਚ ਗੰਦੇ ਵਿਚਾਰ ਕਿਉਂ ਨਹੀਂ ਆਉਂਦੇ? ਆਪਣੀ ਰੋਜੀ-ਰੋਟੀ ਚਲਾਉਣ ਲਈ ਕੁੱਝ ਪੈਸੇ ਲੈ ਕੇ ਸਟੇਜ਼ਾਂ ਤੇ ਨੱਚਣਾ ਉਨ੍ਹਾਂ ਦੀ ਪਤਾ ਨਹੀਂ ਕੀ ਮਜਬੂਰੀ ਹੋਉ, ਕੋਈ ਸ਼ੌਕ ਨਾਲ ਅਜਿਹਾ ਪ੍ਰਫੈਸ਼ਨ ਨਹੀਂ ਚੁਣਦਾ। ਉਨ੍ਹਾਂ ਨੇ ਸਟੇਜ਼ਾਂ ਤੇ ਨੱਚਣਾ ਹੈ ਅਤੇ ਤੁਸੀਂ ਥੱਲੇ ਆਪਣੇ ਯਾਰਾਂ ਦੋਸਤਾਂ, ਭੈਣਾ-ਭਰਾਵਾਂ ਨਾਲ ਖੁਸ਼ੀ ਮਨਾਉਣੀ ਇਹ ਤਾਂ ਸੱਭਿਅਕ ਗੱਲ ਹੈ ਪਰ ਤੁਸੀਂ ਤਾਂ ਸਟੇਜ਼ਾਂ ਤੇ ਚੜ੍ਹ ਕੇ ਉਨ੍ਹਾਂ ਨੂੰ ਖਾ ਜਾਣਾ ਲੋਚਦੇ ਆ। ਇਹ ਕੀ ਗੱਲ ਹੋਈ ਕਿ ਜੇਕਰ ਡਾਨਸਰ ਜਾਂ ਪ੍ਰਬੰਧਕ ਤੁਹਾਨੂੰ ਸਟੇਜ਼ਾਂ ਤੇ ਨਾ ਚੜਨ ਦੇਣ ਤਾਂ ਗੋਲੀ ਚਲਾ ਦਿਓ?



ਮੁੱਖ ਸੰਪਾਦਕ
ਭਵਨਦੀਪ ਸਿੰਘ ਪੁਰਬਾ
E-Mail: bhawandeep@rediffmail.com
Cell : (+91)-9988-92-9988

ਇਸ ਦੁਖਿਆਰੇ ਘਟਨਾ ਕ੍ਰਮ ਵਿੱਚ ਮੌਤ ਚਾਹੇ ਹੁਣ ਇੱਕ ਲਾਚਾਰ ਕੁੜੀ ਅਤੇ ਉਸ ਦੇ ਹੋਣ ਵਾਲੇ ਬੱਚੇ ਦੀ ਹੋਈ ਹੈ। ਪਰ ਵਿਆਹਾਂ ਵਿੱਚ ਗੋਲੀਆਂ ਚੱਲਣਾ ਆਮ ਜਿਹੀ ਗੱਲ ਹੋ ਗਈ ਹੈ। ਕੌਣ ਚਲਾਉਂਦਾ ਹੈ ਇਹ ਗੋਲੀਆਂ? ਕੋਈ ਬਾਹਰੋਂ ਆ ਕੇ ਨਹੀਂ ਚਲਾਉਂਦਾ। ਅਸੀਂ ਆਪ ਹੀ ਅਜਿਹੇ ਘਟੀਆ ਕਾਰੇ ਕਰਦੇ ਹਾਂ। 'ਮਿੱਤਰਾਂ ਨੂੰ ਸ਼ੌਕ ਹਥਿਆਰਾਂ ਦਾ' ਲੱਖ ਲਾਹਨਤਾਂ ਅਜਿਹੇ ਸ਼ੌਂਕ ਤੇ। ਸਾਡੇ ਕੁੱਝ ਅਖੌਤੀ ਗਾਇਕਾ ਨੇ ਸਾਡੀ ਪੀੜ੍ਹੀ ਦੀ ਸੋਚ ਨੂੰ ਘਟਿਆ ਪਾਸੇ ਮੋੜ ਕੇ ਰੱਖ ਦਿੱਤਾ। ਸਾਡੀਆਂ ਧੀਆਂ ਭੈਣਾਂ ਦੇ ਹੱਥਾਂ ਵਿੱਚ ਹਥਿਆਰ ਫੜਾ ਦਿੱਤੇ। ਔਰਤ ਜਿਸ ਨੂੰ ਕੋਮਲਤਾ, ਸ਼ਾਂਤੀ ਤੇ ਪਿਆਰ ਦੀ ਮੂਰਤ ਕਿਹਾ ਜਾਦਾ ਸੀ ਜੇਕਰ ਉਸ ਦੇ ਹੱਥਾਂ ਵਿੱਚ ਵੀ ਹਥਿਆਰ ਆ ਗਏ ਤਾਂ ਪਿਆਰ ਤਾਂ ਦੁਨੀਆਂ ਤੋਂ ਹੀ ਖਤਮ ਹੋ ਜਾਵੇਗਾ। ਔਰਤ ਹੀ ਤਾਂ ਪਿਆਰ ਕਰਨਾ ਸਖਾਉਂਦੀ ਹੈ। ਸਭ ਤੋਂ ਪਹਿਲਾ ਉਹ ਆਪਣੇ ਪਿਤਾ ਨੂੰ ਪਿਆਰ ਦਿੰਦੀ ਹੈ, ਫਿਰ ਭਰਾਵਾਂ ਨੂੰ, ਫਿਰ ਪਤੀ ਨੂੰ ਉਸ ਤੋਂ ਬਾਅਦ ਆਪਣੇ ਬੱਚਿਆਂ ਨੂੰ। ਜਦੋਂ ਕੋਈ ਔਰਤ ਆਪਣੇ ਕੋਲ ਹਥਿਆਰ ਰੱਖਣਾ ਸ਼ੁਰੂ ਕਰ ਦਿੰਦੀ ਹੈ ਤਾਂ ਉਸ ਨੂੰ ਕੋਈ ਵੀ ਪਸੰਦ ਨਹੀਂ ਕਰਦਾ, ਸਾਡੇ ਅਖੌਤੀ ਗਾਇਕਾਂ ਨੇ ਤਾਂ ਪਿਆਰ ਦੀ ਮੂਰਤ ਦੇ ਹੱਥਾਂ ਵਿੱਚ ਵੀ ਹਥਿਆਰ ਫੜਾ ਦਿੱਤੇ।

ਜਦੋਂ ਸਾਡੇ ਬੱਚੇ ਸੁਣਨਗੇ ਕਿ 'ਜਿਥੇ ਹੁੰਦੀ ਏ ਪਾਬੰਦੀ ਹਥਿਆਰ ਦੀ ਨੀ ਉਥੇ ਜੱਟ ਫਾਇਰ ਕਰਦਾ' ਤਾਂ ਉਹਨਾਂ ਦੀ ਸੋਚ ਵੀ ਉਧਰ ਹੀ ਜਾਉਗੀ ਕਿ ਪੈਲਿਸ ਵਿੱਚ ਹਥਿਆਰਾਂ ਦੀ ਪਾਬੰਧੀ ਹੈ ਇਥੇਂ ਹੀ ਫਾਇਰ ਕਰਨਾ ਹੈ। ਕਿਉਂ ਨਹੀਂ ਲਾਗੂ ਹੁੰਦੇ ਇਹ ਕਾਨੂੰਨ। ਇਹ ਸਰਕਾਰ ਦੀ ਨਲਾਈਕੀ ਹੈ। ਹੁਣ ਇੱਕ ਮਾਸੂਮ ਨੇ ਬਲੀ ਦੇ ਦਿੱਤੀ ਸਰਕਾਰ ਦੀਆਂ ਕੁੱਝ ਅੱਖਾਂ ਖੁਲ੍ਹ ਜਾਣਗੀਆਂ। ਕੁੱਝ ਦਿਨਾਂ ਬਾਅਦ ਫਿਰ ਉਹੀ ਸਭ ਕੁੱਝ। ਸਾਡੀਆਂ ਸਰਕਾਰਾਂ ਆਪਣੀ ਸੱਤਾ ਕਾਇਮ ਰੱਖਣ ਲਈ ਬਿਨਾਂ ਸੋਚੇ ਸਮਝੇ ਅੱਖਾਂ ਮੀਟ ਕੇ ਆਪਣੇ ਨਜ਼ਦੀਕੀਆਂ ਨੂੰ ਹਥਿਆਰਾਂ ਦੇ ਲਾਈਸੰਸ ਦੇਈ ਜਾ ਰਹੀਆਂ ਹਨ।

ਰੱਬ ਨਾ ਕਰੇ! ਜੇਕਰ ਕੋਈ ਅਜਿਹਾ ਵਕਤ ਆ ਜਾਵੇ ਕਿ ਲੋਕ ਸਰਕਾਰ ਦੇ ਵਿਰੁੱਧ ਹੋ ਜਾਣ ਤਾਂ ਸਰਕਾਰ ਇਸ ਮਾਹੌਲ ਨੂੰ ਸੰਭਾਲ ਨਹੀਂ ਸਕੇਗੀ। ਜਿੰਨੇ ਅਸਲੇ ਦੇ ਲਾਈਸੰਸ ਸਰਕਾਰ ਨੇ ਜਾਰੀ ਕਰ ਦਿੱਤੇ ਹਨ। ਜਿੰਨਾਂ ਅਸਲਾ ਲੋਕਾਂ ਕੋਲ ਹੈ ਉਨ੍ਹਾਂ ਤਾਂ ਪੁਲਿਸ ਕੋਲ ਨਹੀਂ ਹੋਵੇਗਾ। ਫਿਰ ਕਿਵੇਂ ਸੰਭਾਲਿਆ ਜਾਉ ਇਹ ਉਲਝਿਆ ਤਾਨਾ।

ਇਸ ਦੁਨੀਆਂ ਤੇ ਸਭ ਕੁੱਝ ਸੰਭਵ ਹੈ ਬੱਸ! ਜ਼ਰੂਰਤ ਹੈ ਕਿਸੇ ਮੁਹਿੰਮ ਦੇ ਸ਼ੁਰੂਆਤ ਦੀ। ਮੇਰਾ ਦੋਸਤ ਅਤੇ ਵੱਡਾ ਵੀਰ ਫਿਲਮ ਆਰਟਿਸਟ ਮਨਿੰਦਰ ਮੋਗਾ ਨੇ ਇਸ ਮੰਦਭਾਗੀ ਘਟਨਾ ਸਬੰਧੀ ਹਾਅ ਦਾ ਨਾਹਰਾ ਮਾਰਦਿਆਂ ਇੱਕ ਪੈਗਾਮ ਦਿੱਤਾ ਹੈ ਆਪਣਿਆਂ ਦੇ ਨਾਮ। ਜਿਸ ਵਿੱਚ ਉਸ ਨੇ ਇਨ੍ਹਾਂ ਦੁਖਿਆਰੀਆਂ ਧੀਆਂ ਭੈਣਾਂ ਦੀ ਰੱਖਿਆ ਲਈ ਇੱਕ ਮੁਹਿੰਮ ਛੇੜੀ ਹੈ ਜਿਸ ਲਈ ਉਹ ਵਧਾਈ ਦਾ ਪਾਤਰ ਹੈ। ਉਸ ਨੇ ਆਪਣੇ ਸੰਦੇਸ਼ ਵਿੱਚ ਲਿਖਿਆ ਹੈ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਨਸਾਨੀਅਤ ਸੱਚ ਵਿਚ ਮਰ ਚੁੱਕੀ ਹੈ। 4 ਦਸੰਬਰ 2016 ਨੂੰ ਬਠਿੰਡਾ ਵਿਚ ਹੋਈ ਘਟਨਾ ਜਿਸ ਵਿਚ ਇੱਕ ਗਰਭਵਤੀ 25 ਸਾਲਾਂ ਸਟੇਜ਼ ਡਾਂਸਰ ਲੜਕੀ ਦੀ ਲਾੜੇ ਦੇ ਦੋਸਤ ਵੱਲੋਂ ਚਲਾਈ ਗਈ ਗੋਲੀ ਨਾਲ ਹੋਈ ਮੋਤ ... ਭੀੜ ਦਾ ਤਮਾਸ਼ਾ ... ਤੇ ਲੋਕਾਂ ਵੱਲੋਂ ਮਰੇ ਹੋਏ ਜਾਨਵਰ ਦੀ ਤਰ੍ਹਾਂ ਉਸ ਲੜਕੀ ਨੂੰ ਸਟੇਜ਼ ਤੋਂ ਘਸੀਟਨਾ ... ਇਨਸਾਨੀਅਤ ਦੇ ਮਰਨ ਦੀ ਗਵਾਹੀ ਹੈ ... ਇਹ ਵਿਚਾਰੀਆਂ ਤਾਂ ਪਤੀ ... ਭਰਾ ਦੇ ਫਰਜ਼ ਨਿਭਾਉਂਦੀਆਂ ਹਨ ਜੋ ਆਪ ਨਸ਼ਿਆਂ ਵਿਚ ਡੁਬੇ ਹਨ ... ਕੀ ਤੁਹਾਡਾ ਮਨ ਮੰਨਦਾ ਕਿ ਤੁਹਾਡੀ ਧੀ ... ਭੈਣ ਸ਼ਰਾਬੀਆਂ ਸਾਹਮਣੇ ਸਟੇਜ਼ ਤੇ ਨੱਚੇ ... ਜੇ ਨਹੀਂ ਮੰਨਦਾ ਤਾਂ ਇਨਾਂ ਦੀ ਮਜ਼ਬੂਰੀ ਸਮਝੀਏ ... ਇਹਨਾਂ ਲਈ ਕਿਸੇ ਕਾਨੂੰਨ ਦੀ ਨਹੀਂ, ਸਾਡੇ ਸਾਥ ਦੀ ਲੋੜ ਹੈ ... ਮੇਰੀ ਇਸ ਮੁਹਿੰਮ ਵਿਚ ਮੇਰਾ ਸਾਥ ਦਿਉ ... ਬਸ ਇੱਕ ਤਰੀਕੇ ਨਾਲ ... ਕਿਸੇ ਫੰਕਸ਼ਨ ਵਿਚ ਜਾਂਦੇ ਹੋ ... ਕਿਸੇ ਦੇ ਹੱਥ ਵਿਚ ਹਥਿਆਰ ਦੇਖੋ ਤਾਂ ਬਸ ਆਪਣੇ ਪਰਿਵਾਰ ਸਮੇਤ ਬਿਨਾਂ ਸ਼ਗਨ ਦਿਤੇ ਵਾਪਿਸ ਆ ਜਾਉ ... ਚਾਹੇ ਤੁਹਾਡੇ ਕਿੰਨੇ ਹੀ ਨਜ਼ਦੀਕੀ ਕਿਉਂ ਨਾ ਹੋਣ ... ਕਿਉਂਕਿ ਹਵਾ ਕਦੇ ਨਹੀਂ ਦੱਸਦੀ ਕਿ ਗੋਲੀ ਕਿਧਰ ਨੂੰ ਚਲਣੀ ਹੈ ... ਮਰਨ ਵਾਲੇ ਵਿਚ ਆਪਣੀ ਧੀ, ਨੂੰਹ, ਭੈਣ, ਭਰਾ, ਪੁੱਤਰ, ਪਿਉ ਵੀ ਹੋ ਸਕਦਾ। ਇਹੋ ਜਿਹੇ ਫੰਕਸ਼ਨ ਦਾ ਬਾਈਕਾਟ ਤੁਹਾਡੇ ਪਰਿਵਾਰ ਦੀ ਲਾਈਫ ਇਨਸ਼ੋਰੇਨਸ ਪਾਲਿਸੀ ਹੈ। ... ਮੇਰੇ ਮੈਸੇਜ ਨਾਲ ਜੁੜੋ ... ਇਸ ਨੂੰ ਬਹੁਤਾ ਨਹੀਂ ਤਾ ਇੰਨੇ ਨੰਬਰਾਂ ਨੂੰ ਹੀ ਭੇਜ ਦਿਉ ਜਿੰਨੇ ਤੁਹਾਡੇ ਪਰਿਵਾਰ ਦੇ ਮੈਂਬਰ ਹਨ ... ਤੁਸੀਂ ਜੁੜੋ ਲੋਕ ਵੀ ਜੁੜਣਗੇ ... ਤੇ ਇਸ ਮੈਸੇਜ ਨੂੰ ਇਨਾ ਕੁ ਸ਼ੇਅਰ ਕਰਨਾ ਕਿ ਗੋਲੀਆਂ ਵਾਲੇ ਵਿਆਹ ਵਿਚ ਕੋਈ ਬਾਰਾਤੀ ਨਾ ਹੋਏ ... ਸਾਰੇ ਕੰਮ ਸਰਕਾਰ ਨੇ ਨਹੀਂ ਕਰਨੇ ... ਕੁਝ ਆਪ ਵੀ ਕਰਨੇ ਚਾਹੀਦੇ ... ਜੇ ਤੁਸੀਂ ਵੀ ਆਪਣੇ ਪਰਿਵਾਰ ਨਾਲ ਪਿਆਰ ਕਰਦੇ ਹੋ .. ਤਾਂ ਇਸ ਸੁਨੇਹੇ ਦਾ ਹਿਸਾ ਬਣੋ ਤੁਸੀ ਜਾਗੋ ... ਲੋਕ ਵੀ ਜਾਗਣਗੇ ... ਸਮਾਜ ਵੀ ਜਾਗੇਗਾ ... ਦੋਸਤੋ ਵਸਦੇ ਰਹੋ।

IELTS TEST AVERAGE BAND SCORE COMPARISON

INDIA (NATIONAL) Vs FYLFOT (MOGA)

IELTS ACADEMIC TEST




BAND RANGE
<5 (24%)
5 to 6 (45%)
6 to 7 (23%)
>7 (8%)
Source : takeielts.org

IELTS ACADEMIC TEST




BAND RANGE
<5 (3%)
5 to 6 (20%)
6 to 7 (35%)
>7 (42%)
Source : fylfotdata

IELTS GENERAL TRAINING TEST




BAND RANGE
<5 (16%)
5 to 6 (35%)
6 to 7 (32%)
>7 (17%)
Source : takeielts.org

IELTS GENERAL TRAINING TEST




BAND RANGE
<5 (2%)
5 to 6 (28%)
6 to 7 (55%)
>7 (15%)
Source : fylfotdata

estd. 1994
ਵਾਹਿਗੁਰੂ ਤੇਰਾ ਸ਼ੁਕਰ ਹੈ
FYLFOT INSTITUTE
Patti Wali Gali, Old Court Road, Moga.
Ph. 01636-225893
228893
500893